Electrtic Brush or Teeth Whitening FREE ਮੁਫਤ 905-458-3344 With Teeth Cleaning & New Patient Exam
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
Line of Credit Fix Bad Credit Get OSAP Loan 905-965-4644
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700

US ਦੀਆਂ ਨਵੀਆਂ ਪਾਬੰਦੀਆਂ ਨਾਲ ਭਾਰਤ 'ਚ ਰੂਸੀ ਤੇਲ ਦੀ ਦਰਾਮਦ ਹੋਵੇਗੀ ਪ੍ਰਭਾਵਿਤ

ਨਵੀਂ ਦਿੱਲੀ: ਰੂਸੀ ਕੱਚੇ ਤੇਲ ਦੇ ਪ੍ਰਮੁੱਖ ਬਰਾਮਦਕਾਰਾਂ 'ਤੇ ਅਮਰੀਕਾ ਦੀਆਂ ਨਵੀਆਂ ਪਾਬੰਦੀਆਂ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਊਰਜਾ ਬਾਜ਼ਾਰ ਨਾਲ ਜੁੜੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਰਤ 'ਚ ਰੂਸੀ ਤੇਲ ਦੀ ਦਰਾਮਦ ਨਜ਼ਦੀਕੀ ਭਵਿੱਖ 'ਚ ਤੇਜ਼ੀ ਨਾਲ ਘਟੇਗੀ ਹਾਲਾਂਕਿ ਇਹ ਪੂਰੀ ਤਰ੍ਹਾਂ ਬੰਦ ਨਹੀਂ ਹੋਵੇਗੀ।

ਰਾਸਨੈਫ਼ਟ ਅਤੇ ਲੁਕੋਇਲ ਅਤੇ ਉਨ੍ਹਾਂ ਦੀ ਬਹੁਮਤ ਮਾਲਕੀ ਵਾਲੀਆਂ ਸਹਾਇਕ ਕੰਪਨੀਆਂ 'ਤੇ ਅਮਰੀਕੀ ਪਾਬੰਦੀ 21 ਨਵੰਬਰ ਤੋਂ ਲਾਗੂ ਹੋ ਗਈ। ਇਸ ਨਾਲ ਹੁਣ ਇਨ੍ਹਾਂ ਕੰਪਨੀਆਂ ਦਾ ਕੱਚਾ ਤੇਲ ਖ਼ਰੀਦਣਾ ਜਾਂ ਵੇਚਣਾ ਲਗਭਗ ਨਾ-ਮੁਮਕਿਨ ਹੋ ਗਿਆ ਹੈ। ਭਾਰਤ ਨੇ ਇਸ ਸਾਲ ਔਸਤਨ 17 ਲੱਖ ਬੈਰਲ ਰੋਜ਼ਾਨਾ ਰੂਸੀ ਤੇਲ ਦੀ ਦਰਾਮਦ ਕੀਤੀ ਅਤੇ ਪਾਬੰਦੀਆਂ ਤੋਂ ਪਹਿਲਾਂ ਇਹ ਮਜ਼ਬੂਤ ਬਣਿਆ ਰਿਹਾ। ਨਵੰਬਰ 'ਚ ਦਰਾਮਦ 18-19 ਲੱਖ ਬੈਰਲ ਰੋਜ਼ਾਨਾ ਰਹਿਣ ਦਾ ਅੰਦਾਜ਼ਾ ਹੈ ਕਿਉਂਕਿ ਰੀਫ਼ਾਇਨਰੀਆਂ ਸਸਤੇ ਤੇਲ ਦੀ ਆਪਣੀ ਖ਼ਰੀਦ ਨੂੰ ਵੱਧ ਤੋਂ ਵੱਧ ਕਰ ਰਹੀਆਂ ਹਨ। ਅੱਗੇ ਚਲ ਕੇ ਦਸੰਬਰ ਅਤੇ ਜਨਵਰੀ 'ਚ ਸਪਲਾਈ 'ਚ ਸਪੱਸ਼ਟ ਗਿਰਾਵਟ ਆਉਣ ਦੀ ਉਮੀਦ ਹੈ।

ਵਿਸ਼ਲੇਸ਼ਕਾਂ ਅਨੁਸਾਰ ਇਹ ਘੱਟ ਕੇ ਲਗਭਗ ਚਾਰ ਲੱਖ ਬੈਰਲ ਰੋਜ਼ਾਨਾ ਤਕ ਰਹਿ ਸਕਦੀ ਹੈ। ਰਿਵਾਇਤੀ ਤੌਰ 'ਤੇ ਪੱਛਮੀ ਏਸ਼ੀਆਈ ਤੇਲ 'ਤੇ ਨਿਰਭਰ ਭਾਰਤ ਨੇ ਫ਼ਰਵਰੀ 2022 'ਚ ਯੂਕ੍ਰੇਨ 'ਤੇ ਹਮਲੇ ਤੋਂ ਬਾਅਦ ਰੂਸ ਤੋਂ ਆਪਣੀ ਤੇਲ ਦਰਾਮਦ 'ਚ ਕਾਫ਼ੀ ਵਾਧਾ ਕੀਤਾ। ਪੱਛਮੀ ਪਾਬੰਦੀ ਅਤੇ ਯੌਰਪੀ ਮੱਗ 'ਚ ਕਮੀ ਕਾਰਨ ਰੂਸ ਤੋਂ ਤੇਲ ਭਾਰੀ ਛੋਟ 'ਤੇ ਉਪਲਬਧ ਹੋਇਆ। ਨਤੀਜੇ ਵਜੋਂ ਭਾਰਤ ਦੀ ਰੂਸੀ ਕੱਚੇ ਤੇਲ ਦੀ ਦਰਾਮਦ ਕੁਲ ਦਰਾਮਦ ਦਾ ਇੱਕ ਫ਼ੀਸਦੀ ਤੋਂ ਵਧ ਕੇ ਲਗਭਗ 40 ਫ਼ੀਸਦੀ ਤਕ ਪਹੁੰਚ ਗਿਆ। ਨਵੰਬਰ 'ਚ ਵੀ ਰੂਸ ਭਾਰਤ ਦਾ ਸਭ ਤੋਂ ਵੱਡਾ ਸਪਲਾਇਰ ਬਣਿਆ ਰਿਹਾ ਜੋ ਕੁਲ ਦਰਾਮਦ ਦਾ ਲਗਭਗ ਇੱਕ ਤਿਹਾਈ ਹੈ।ਕੈਪਲਰ ਦੇ ਰੀਫ਼ਾਈਨਿੰਗ ਅਤੇ ਮਾਡਲਿੰਗ ਦੇ ਮੁੱਖ ਖੋਜ ਵਿਸ਼ਲੇਸ਼ਕ ਸੁਮਿਤ ਰਿਤੋਲੀਆ ਨੇ ਕਿਹਾ, "ਅਸੀਂ ਨਜ਼ਦੀਕ ਭਵਿੱਖ 'ਚ ਖ਼ਾਸ ਤੌਰ 'ਤੇ ਦਸੰਬਰ ਅਤੇ ਜਨਵਰੀ 'ਚ ਭਾਰਤ ਲਈ ਰੂਸੀ ਕੱਚੇ ਤੇਲ ਦੇ ਪ੍ਰਵਾਹ 'ਚ ਸਪੱਸ਼ਟ ਗਿਰਾਵਟ ਦੀ ਉਮੀਦ ਕਰਦੇ ਹਾਂ। ਅਕਤੂਬਰ 21 ਤੋਂ ਸਪਲਾਈ ਸੁਸਤ ਹੋ ਗਈ ਹੈ ਹਾਲਾਂਕਿ ਰੂਸ ਦੀ ਵਿਚੋਲਿਆਂ ਅਤੇ ਬਦਲਵੇਂ ਵਿੰਤ ਪ੍ਰਬੰਧਨ ਦੀ ਸਮਰਥਾ ਨੂੰ ਦੇਖਦੇ ਹੋਏ ਅਜੇ ਆਖ਼ਰੀ ਸਿੱਟਾ ਕੱਢਣਾ ਜਲਦਬਾਜ਼ੀ ਹੋਵੇਗੀ।"

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸਸਤੇ ਰੂਸੀ ਤੇਲ ਨੇ ਪਿਛਲੇ ਦੋ ਸਾਲਾਂ 'ਚ ਭਾਰਤੀ ਰੀਫ਼ਾਇਨਰਾਂ ਨੂੰ ਭਾਰੀ ਮੁਨਾਫ਼ਾ ਦਿੱਤਾ ਅਤੇ ਅੰਤਰਰਾਸ਼ਟਰੀ ਬਾਜ਼ਾਰ 'ਚ ਅਸਥਿਰਤਾ ਦੇ ਬਾਵਜੂਦ ਪੈਟਰੋਲ ਅਤੇ ਡੀਜ਼ਲ ਦੀਆਂ ਪ੍ਰਚੂਨ ਕੀਮਤਾਂ ਨੂੰ ਸਥਿਰ ਰੱਖਿਆ। ਭਾਰਤ ਆਪਣੀਆਂ ਤੇਲ ਜ਼ਰੂਰਤਾਂ ਦਾ 88 ਫ਼ੀਸਦੀ ਦਰਾਮਦ ਨਾਲ ਪੂਰਾ ਕਰਦਾ ਹੈ। ਨਵੀਆਂ ਅਮਰੀਕੀ ਪਾਬੰਦੀਆਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਨਾਲ ਭਾਰਤ ਦੀ ਰੂਸੀ ਤੇਲ ਦਰਾਮਦ ਅਸਥਿਰ ਅਤੇ ਬੇਯਕੀਨੀ ਦੌਰ 'ਚ ਪ੍ਰਵੇਸ਼ ਕਰ ਗਿਆ ਹੈ। ਮਾਹਿਰਾਂ ਅਨੁਸਾਰ ਰੂਸ ਤੋਂ ਆਉਣ ਵਾਲਾ ਤੇਲ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਵੇਗਾ ਪਰ ਨਜ਼ਦੀਕੀ ਭਵਿੱਖ 'ਚ ਪ੍ਰਵਾਹ 'ਚ ਗਿਰਾਵਟ ਆਵੇਗੀ।

ਇਨ੍ਹਾਂ ਕੰਪਨੀਆਂ ਨੇ ਰੂਸੀ ਤੇਲ ਖ਼ਰੀਦਣਾ ਕੀਤਾ ਬੰਦ: ਅਮਰੀਕੀ ਪਾਬੰਦੀਆਂ ਦੇ ਲਾਗੂ ਹੋਣ ਕਾਰਨ ਰਿਲਾਇੰਸ ਇੰਡਸਟਰੀਜ਼, HPSC-ਮਿੱਤਲ ਐਨਰਜੀ ਅਤੇ ਮੈਂਗਲੋਰ ਰੀਫ਼ਾਇਨਰੀ ਵਰਗੀਆਂ ਕੰਪਨੀਆਂ ਨੇ ਫ਼ਿਲਹਾਲ ਰੂਸੀ ਤੇਲ ਦੀ ਦਰਾਮਦ ਰੋਕ ਦਿੱਤੀ ਹੈ। ਇਸ ਮਾਮਲੇ 'ਚ ਇਕਮਾਤਰ ਵਿਰੋਧ ਨਾਇਰਾ ਐਨਰਜੀ ਹੈ ਜੋ ਰਾਸਨੈਫ਼ਟ ਵਲੋਂ ਸਮਰਥਿਤ ਹੈ ਅਤੇ ਯੌਰਪੀਅਨ ਯੂਨੀਅਨ ਵਲੋਂ ਲਾਈਆਂ ਪਾਬੰਦੀਆਂ ਤੋਂ ਬਾਅਦ ਹੋਰ ਸਰੋਤਾਂ ਤੋਂ ਸਪਲਾਈ ਕੱਟਣ ਕਾਰਨ ਰੂਸੀ ਤੇਲ 'ਤੇ ਭਾਰੀ ਨਿਰਭਰ ਹੈ।

ਰਿਤੋਲੀਆ ਨੇ ਕਿਹਾ, "ਨਇਰਾ ਦੇ ਵਾਦੀਨੇਰ ਪਲਾਂਟ ਨੂੰ ਛੱਡ ਕੇ ਕੋਈ ਵੀ ਭਾਰਤੀ ਰੀਫ਼ਾਇਨਰ OFAC ਨਾਮੀ ਸੰਸਥਾਵਾਂ ਨਾਲ ਜੁੜੇ ਜੋਖ਼ਮ ਨਹੀਂ ਲੈਣਾ ਚਾਹੁੰਦਾ। ਖ਼ਰੀਦਦਾਰਾਂ ਨੂੰ ਆਪਣੇ ਸਮਝੌਤੇ, ਸਪਲਾਈ ਰੂਟ, ਮਾਲਕੀ ਅਤੇ ਭੁਗਤਾਨੇ ਚੈਨਲਾਂ ਨੂੰ ਦੁਬਾਰਾ ਯੋਜਨਾਬੱਧ ਕਰਨ 'ਚ ਸਮਾਂ ਲੱਗੇਗਾ।"

ਕੀ ਮਹਿੰਗੇ ਹੋਣਗੇ ਪੈਟਰੋਲ ਅਤੇ ਡੀਜ਼ਲ? ਜੇਕਰ ਰੂਸ ਤੋਂ ਸਪਲਾਈ ਤੇਜ਼ੀ ਨਾਲ ਘਟਦੀ ਹੈ ਤਾਂ ਭਾਰਤ ਨੂੰ ਮਿਡਲ ਈਸਟ, ਅਮਰੀਕਾ, ਲੈਟਿਨ ਅਮਰੀਕਾ ਅਤੇ ਅਫ਼ਰੀਕਾ ਤੋਂ ਮਹਿੰਗਾ ਤੇਲ ਖ਼ਰੀਦਣਾ ਪਵੇਗਾ। ਅਜਿਹੇ 'ਚ ਰੀਫ਼ਾਇਨਰੀਆਂ ਦੀ ਲਾਗਤ ਵਧੇਗੀ ਜਿਸ ਨਾਲ ਸੰਭਾਵਨਾ ਹੈ ਕਿ ਈਂਧਨ ਦੀਆਂ ਕੀਮਤਾਂ 'ਤੇ ਦਬਾਅ ਵਧੇਗਾ, ਰੀਫ਼ਾਈਨਿੰਗ ਮਾਰਜਨ ਘਟਣਗੇ ਅਤੇ ਭਵਿੱਖ 'ਚ ਕੀਮਤਾਂ ਵੱਧ ਸਕਦੀਆਂ ਹਨ।

UK ਵਲੋਂ 200 ਸਾਲ ਪੁਰਾਣੀਆਂ ਹਿੰਦੂ ਫ਼ੋਟੋਆਂ ਦੀ ਵਿਲੱਖਣ ਲੜੀ ਦੀ ਬਰਾਮਦ 'ਤੇ ਰੋਕ

ਲੰਡਨ: ਬ੍ਰਿਟਿਸ਼ ਸਰਕਾਰ ਨੇ ਇਸ ਹਫ਼ਤੇ 200 ਸਾਲ ਪੁਰਾਣੀਆਂ ਉਨ੍ਹਾਂ ਰੰਗੀਨ ਤੇ ਵਿਲੱਖਣ ਫ਼ੋਟੋਆਂ ਦੀ ਇੱਕ ਲੜੀ ਦੀ ਬਰਾਮਦ 'ਤੇ ਪਾਬੰਦੀ ਲਾ ਦਿੱਤੀ ਹੈ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਿੰਦੂ ਧਰਮ ਦੇ ਸਭ ਤੋਂ ਅਹਿਮ ਬਿਰਤਾਂਤਾਂ 'ਚੋਂ ਇੱਕ ਨੂੰ ਦਰਸਾਉਂਦੀਆਂ ਹਨ।

ਦੇਵੀ ਮਾਂ ਦੀ ਉਤਪਤੀ ਅਤੇ ਜਿੱਤ ਨੂੰ ਦਰਸਾਉਣ ਵਾਲੀਆਂ 56 ਫ਼ੋਟੋਆਂ ਦੀ ਇੱਕ ਲੜੀ ਨੂੰ ਰੱਖਣ ਲਈ ਇੱਕ ਖ਼ਰੀਦਦਾਰ ਦੀ ਭਾਲ ਕੀਤੀ ਜਾ ਰਹੀ ਹੈ। ਇਨ੍ਹਾਂ ਫ਼ੋਟੋਆਂ ਦੀ ਕੀਮਤ ਲਗਭਗ 280,000 ਪਾਊਂਡਜ਼ ਹੈ। ਇਸ ਵਿਲੱਖਣ ਲੜੀ 'ਚ 56 ਫ਼ੋਟੋਆਂ 'ਚ ਸੋਨੇ ਤੇ ਚਾਂਦੀ ਦੇ ਰੱਗ ਦੀ ਵਰਤੋਂ ਕੀਤੀ ਗਈ ਹੈ। ਬ੍ਰਿਟੇਨ ਦੀ ਸਭਿਆਚਾਰ ਮੰਤਰੀ ਬੈਰੋਨੇਸ ਫ਼ਿਓਨਾ ਟਵਿਕ੍ਵੈਂਸ ਨੇ ਕਿਹਾ, "ਇਹ ਲੜੀ ਨਾ ਸਿਰਫ਼ ਸੁੰਦਰ ਹੈ ਸਗੋਂ ਬ੍ਰਿਟੇਨ 'ਚ ਵਿਲੱਖਣ ਵੀ ਹੈ। ਸਾਡੇ ਦੇਸ਼ 'ਚ ਇਸ ਤਰ੍ਹਾਂ ਦੀ ਹੋਰ ਕੋਈ ਪੂਰਣ ਕਥਾ ਮੌਜੂਦ ਨਹੀਂ, ਇਸ ਲਈ ਇਹ ਬਹੁਤ ਅਹਿਮ ਹੈ ਕਿ ਅਸੀਂ ਇਸ ਲੜੀ ਨੂੰ ਬ੍ਰਿਟੇਨ 'ਚ ਹੀ ਰੱਖਣ ਦਾ ਮੌਕਾ ਲਈਏ ਅਤੇ ਖੋਜੀਆਂ ਨੂੰ ਇਸ ਦੇ ਭੇਤਾਂ ਨੂੰ ਉਜਾਗਰ ਕਰਨ ਲਈ ਜ਼ਰੂਰੀ ਸਮਾਂ ਦੇਈਏ।"ਇਸ ਲੜੀ 'ਚ ਮੂਲ 59 ਫ਼ੋਟੋਆਂ ਵਿਚੋਂ 56 ਸਫ਼ੇ ਹਨ ਅਤੇ ਟਾਈਟਲ ਕਵਰ 'ਤੇ ਸੰਸਕ੍ਰਿਤ ਤੇ ਹਿੰਦੀ 'ਚ ਸ਼ਿਲਾਲੇਖ ਹਨ ਜਿਨ੍ਹਾਂ 'ਚ ਵੱਖ-ਵੱਖ ਫ਼ੋਟੋਆਂ ਦੇ ਵਿਸ਼ਿਆਂ ਬਾਰੇ ਵਰਣਨ ਹੈ। ਇਹ ਫ਼ੋਟੋਆਂ ਪੰਜਾਬ ਦੇ ਕਾਂਗੜਾ ਖੇਤਰ 'ਚ ਤਿਆਰ ਕੀਤੀਆਂ ਗਈਆਂ ਸਨ।

ਦੋ ਘਰਵਾਲੀਆਂ, ਛੇ ਬੱਚੇ, 13 ਦੋਹਤੇ-ਪੋਤੇ

ਮੁੱਬਈ: ਹਿੰਦੀ ਸਿਨੇਮਾ ਦੇ ਮਹਾਨ ਕਲਾਕਾਰ ਅਤੇ ਕਰੋੜਾਂ ਦਿਲਾਂ 'ਤੇ ਰਾਜ ਕਰਨ ਵਾਲੇ ਦਿੱਗਜ ਅਭਿਨੇਤਾ ਧਰਮਿੰਦਰ ਦਾ 89 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ ਹੈ। ਬੌਲੀਵੁਡ ਦੇ **Heman** ਵਜੋਂ ਮਸ਼ਹੂਰ ਧਰਮਿੰਦਰ ਨੇ ਦੇਰ ਰਾਤ ਆਪਣੇ ਆਖ਼ਰੀ ਸਾਹ ਲਏ ਅਤੇ ਮੁੱਬਈ ਦੇ ਵਿਲੇ ਪਾਰਲੇ 'ਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਜਿੱਥੇ ਉਨ੍ਹਾਂ ਦਾ ਸਾਰਾ ਪਰਿਵਾਰ ਮੌਜੂਦ ਸੀ।

ਧਰਮਿੰਦਰ ਦਾ ਅਸਲੀ ਨਾਮ ਧਰਮ ਸਿੰਘ ਦਿਓਲ ਸੀ। ਉਹ ਆਪਣੇ ਫ਼ਿਲਮੀ ਕਰੀਅਰ ਦੇ ਨਾਲ-ਨਾਲ ਆਪਣੇ ਵਿਸ਼ਾਲ ਅਤੇ ਭਰੇ-ਪੂਰੇ ਪਰਿਵਾਰ ਲਈ ਮੱਗਿਆ। ਪ੍ਰਕਾਸ਼ ਕੌਰ ਅਤੇ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦਾ ਨਿੱਜੀ ਜੀਵਨ ਕਿਸੇ ਬਲੌਕਬੱਸਟਰ ਫ਼ਿਲਮ ਦੀ ਕਹਾਣੀ ਤੋਂ ਘੱਟ ਨਹੀਂ ਰਿਹਾ। ਧਰਮਿੰਦਰ ਨੇ ਦੋ ਵਿਆਹ ਕਰਵਾਏ ਸਨ ਅਤੇ ਉਨ੍ਹਾਂ ਦੇ ਛੇ ਬੱਚੇ ਅਤੇ 13 ਦੋਹਤੇ-ਪੋਤੇ ਹਨ।

ਪ੍ਰਕਾਸ਼ ਕੌਰ ਨਾਲ ਸ਼ੁਰੂਆਤੀ ਜੀਵਨ (1954 2025): ਫ਼ਿਲਮੀ ਦੁਨੀਆਂ 'ਚ ਆਉਣ ਤੋਂ ਪਹਿਲਾਂ ਧਰਮਿੰਦਰ ਨੇ 1954 'ਚ, ਸਿਰਫ਼ 19 ਸਾਲ ਦੀ ਉਮਰ 'ਚ, ਪ੍ਰਕਾਸ਼ ਕੌਰ ਨਾਲ ਵਿਆਹ ਕਰਵਾ ਲਿਆ ਸੀ। ਪ੍ਰਕਾਸ਼ ਕੌਰ ਨੇ ਕਦੇ ਵੀ ਧਰਮਿੰਦਰ ਨੂੰ ਤਲਾਕ ਨਹੀਂ ਦਿੱਤਾ, ਅਤੇ ਨਾ ਹੀ ਧਰਮਿੰਦਰ ਨੇ ਉਨ੍ਹਾਂ ਤੋਂ ਤਲਾਕ ਧਰਮਿੰਦਰ ਦੇ ਚਾਰ ਬੱਚੇ ਹਨ। ਦੋ ਪੁੱਤਰ ਸਨੀ ਦਿਓਲ (ਅਜੈ ਸਿੰਘ ਦਿਓਲ) ਅਤੇ ਬੌਬੀ ਦਿਓਲ (ਵਿਜੈ ਸਿੰਘ ਦਿਓਲ)। ਸਨੀ ਦਿਓਲ ਦਾ ਵਿਆਹ ਪੂਜਾ ਦਿਓਲ ਨਾਲ ਹੋਇਆ ਹੈ। ਸਨੀ ਦਿਓਲ ਦੇ ਦੋ ਬੇਟੇ ਹਨ ਕਰਨ ਦਿਓਲ ਅਤੇ ਰਾਜਵੀਰ ਦਿਓਲ। ਕਰਨ ਦਿਓਲ ਨੇ 2023 'ਚ ਦ੍ਰਿਸ਼ਾ ਆਚਾਰੀਆ ਨਾਲ ਵਿਆਹ ਕੀਤਾ ਸੀ। ਬੌਬੀ ਦਿਓਲ ਦਾ ਵਿਆਹ ਇੱਕ ਇੰਕੀਰੀਅਰ ਡਿਜ਼ਾਈਨਰ ਤਾਨਿਆ ਆਹੂਜਾ ਨਾਲ ਹੋਇਆ ਹੈ, ਅਤੇ ਉਨ੍ਹਾਂ ਦੇ ਦੋ ਬੇਟੇ ਹਨ ਆਰਿਆਮਾਨ ਦਿਓਲ ਅਤੇ ਧਰਮ ਦਿਓਲ।

ਧਰਮਿੰਦਰ ਦੇ ਦੋ ਪੁੱਤ ਅਤੇ ਦੋ ਧੀਆਂ ਵੀ ਹਨ। ਧੀਆਂ ਦੇ ਨਾਮ ਵਿਜੇਤਾ ਦਿਓਲ ਅਤੇ ਅਜੀਤਾ ਦਿਓਲ ਹਨ। ਵਿਜੇਤਾ ਦਿਓਲ ਕੈਲੇਫ਼ੋਰਨੀਆ 'ਚ ਰਹਿੰਦੀ ਹੈ। ਉਸ ਦਾ ਵਿਆਹ ਵਿਵੇਕ ਗਿੱਲ ਨਾਲ ਹੋਇਆ ਹੈ, ਅਤੇ ਉਨ੍ਹਾਂ ਦੇ ਦੋ ਬੱਚੇ ਹਨ ਪ੍ਰੇਰਨਾ ਗਿੱਲ (ਲੇਖਿਕਾ) ਅਤੇ ਸਾਹਿਲ ਗਿੱਲ। ਦੂਜੀ ਬੇਟੀ ਅਜੀਤਾ ਦਿਓਲ ਨੇ ਵੀ ਅਮਰੀਕਾ 'ਚ ਹੀ ਆਪਣਾ ਘਰ ਵਸਾਇਆ। ਉਨ੍ਹਾਂ ਦਾ ਵਿਆਹ ਇੱਕ ਡੈਂਟਿਸਟ ਕਿਰਨ ਚੌਧਰੀ ਨਾਲ ਹੋਇਆ ਹੈ। ਉਹ ਖ਼ੁਦ ਅਮਰੀਕਾ 'ਚ ਇੱਕ ਸਕੂਲ 'ਚ ਮਨੋਵਿਗਿਆਨ ਦੀ ਅਧਿਆਪਕਾ ਹੈ, ਅਤੇ ਉਨ੍ਹਾਂ ਦੀਆਂ ਦੋ ਬੇਟੀਆਂ ਹਨ ਨਿਕਿਤਾ ਚੌਧਰੀ ਅਤੇ ਪ੍ਰਿਯੰਕਾ ਚੌਧਰੀ।

ਹੇਮਾ ਮਾਲਿਨੀ ਨਾਲ ਦੂਜਾ ਪਰਿਵਾਰ (1980 2025): 1970 ਦੇ ਦਹਾਕੇ 'ਚ, ਧਰਮਿੰਦਰ ਅਤੇ ਬੌਲੀਵੁਡ ਦੀ ਡ੍ਰੀਮ ਗਰਲ ਹੇਮਾ ਮਾਲਿਨੀ ਵਿਚਕਾਰ ਪਿਆਰ ਸ਼ੁਰੂ ਹੋਇਆ। ਕਿਉਂਕਿ ਧਰਮਿੰਦਰ ਨੇ ਆਪਣੀ ਪਹਿਲੀ ਪਤਨੀ ਨੂੰ ਤਲਾਕ ਨਹੀਂ ਸੀ ਦਿੱਤਾ, ਇਸ ਲਈ ਉਨ੍ਹਾਂ ਨੇ 2 ਮਈ 1980 ਨੂੰ ਹੇਮਾ ਮਾਲਿਨੀ ਨਾਲ ਵਿਆਹ ਕਰਨ ਤੋਂ ਪਹਿਲਾਂ ਇਸਲਾਮ ਧਰਮ ਅਪਨਾਇਆ ਅਤੇ ਆਪਣਾ ਨਾਮ ਦਿਲਾਵਰ ਖ਼ਾਨ ਰੱਖਿਆ। ਧਰਮਿੰਦਰ ਅਤੇ ਹੇਮਾ ਮਾਲਿਨੀ ਦੀਆਂ ਦੋ ਧੀਆਂ ਹਨ।

ਈਸ਼ਾ ਦਿਓਲ ਨੇ 2012 'ਚ ਇੱਕ ਕਾਰੋਬਾਰੀ ਭਰਤ ਤਖਤਾਨੀ ਨਾਲ ਵਿਆਹ ਕੀਤਾ। ਹਾਲਾਂਕਿ ਉਹ ਰਿਸ਼ਤਾ ਫ਼ਰਵਰੀ 2024 'ਚ ਤਲਾਕ ਨਾਲ ਖ਼ਤਮ ਹੋ ਗਿਆ। ਉਨ੍ਹਾਂ ਦੀਆਂ ਦੋ ਬੇਟੀਆਂ ਹਨ ਰਾਧਿਆ ਤਖਤਾਨੀ ਅਤੇ ਮਿਰਾਇਆ ਤਖਤਾਨੀ। ਦੂਜੀ ਬੇਟੀ ਅਹਾਨਾ ਦਿਓਲ ਇੱਕ ਸਿਖਲਾਈ ਪ੍ਰਾਪਤ ਓਡੀਸੀ ਡਾਂਸਰ ਹੈ।

ਉਸ ਨੇ 2014 'ਚ ਦਿੱਲੀ ਦੇ ਇੱਕ ਕਾਰੋਬਾਰੀ ਵੈਭਵ ਕੁਮਾਰ ਨਾਲ ਵਿਆਹ ਕੀਤਾ। ਉਨ੍ਹਾਂ ਦੇ ਬੇਟੇ ਦਾ ਨਾਮ ਡੇਰਿਅਨ ਹੈ ਅਤੇ ਜੁੜਵਾਂ ਬੇਟੀਆਂ ਦਾ ਨਾਮ ਐਸਟ੍ਰਾਇਆ ਅਤੇ ਐਡੀਆ ਵੋਹਰਾ ਹੈ।ਧਰਮਿੰਦਰ ਦਾ ਸੰਘਰਸ਼ ਅਤੇ ਵਿਰਾਸਤ ਦਿਓਲ ਪਰਿਵਾਰ ਲਈ ਇੱਕ ਬਰਗਦ ਦੇ ਰੁੱਖ ਵਾਂਗ ਸੀ ਜਿਸ ਨੇ ਆਪਣੀ ਨਿੱਜੀ ਜ਼ਿੰਦਗੀ 'ਚ ਸੰਤੁਲਨ ਬਣਾਏ ਰੱਖਿਆ। ਉਨ੍ਹਾਂ ਦੇ ਦਿਹਾਂਤ ਨਾਲ ਬਲੀਵੁੱਡ ਇੰਡਸਟਰੀ 'ਚ ਇੱਕ ਖ਼ਲਾਅ ਪੈਦਾ ਹੋ ਗਿਆ ਹੈ ਜਿਸ ਦੀ ਭਰਪਾਈ ਸੰਭਵ ਨਹੀਂ।

ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਇੰਡੀਅਨ ਵੀਜ਼ਾ OCI & Passport Renewal 514-389-7070

ਮਲੇਸ਼ੀਆ 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਲੱਗੇਗੀ ਪਾਬੰਦੀ

ਕੁਆਲਾਲੰਪੁਰ: ਮਲੇਸ਼ੀਆ ਅਗਲੇ ਸਾਲ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ

ਖਾਤਿਆਂ 'ਤੇ ਪਾਬੰਦੀ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਛੋਟੀ ਉਮਰ ਦੇ ਬੱਚਿਆਂ 'ਤੇ ਆਸਟਰੇਲੀਆ ਨੇ ਪਹਿਲਾਂ ਪਾਬੰਦੀ ਲਗਾਈ ਸੀ, ਅਤੇ ਹੋਰ ਦੇਸ਼ ਵੀ ਇਸ ਉਮਰ ਵਰਗ ਦੇ ਬੱਚਿਆਂ 'ਤੇ ਪਾਬੰਦੀ ਲਾ ਰਹੇ ਹਨ।

ਮਲੇਸ਼ੀਆ ਸੰਚਾਰ ਮੰਤਰੀ ਫ਼ਾਹਮੀ ਫ਼ਾਜ਼ਿਲ ਨੇ ਕਿਹਾ ਕਿ ਕੈਬਨਿਟ ਨੇ ਬੱਚਿਆਂ ਨੂੰ ਸਾਈਬਰ ਧੱਕੇਸ਼ਾਹੀ, ਘੁਟਾਲੇ ਅਤੇ ਜਿਣਸੀ ਸ਼ੋਸ਼ਣ ਵਰਗੇ ਔਨਲਾਈਨ ਨੁਕਸਾਨ ਤੋਂ ਬਚਾਉਣ ਲਈ ਇੱਕ ਵਿਆਪਕ ਯਤਨ ਦੇ ਹਿੱਸੇ ਵਜੋਂ ਇਸ ਕਦਮ ਨੂੰ ਮਨਜ਼ੂਰੀ ਦੇ ਦਿੱਤੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਆਸਟਰੇਲੀਆ ਅਤੇ ਹੋਰ ਦੇਸ਼ਾਂ ਵਲੋਂ ਵਰਤੇ ਗਏ ਢੰਗ ਤਰੀਕਿਆਂ ਦਾ ਅਧਿਐਨ ਕਰ ਰਹੀ ਹੈ ਅਤੇ ਉਪਭੋਗਤਾ ਦੀ ਉਮਰ ਦੀ ਪੁਸ਼ਟੀ ਕਰਨ ਲਈ ਪਛਾਣ ਪੱਤਰਾਂ ਜਾਂ ਪਾਸਪੋਰਟਾਂ ਨਾਲ ਇਲੈਕਟ੍ਰੌਨਿਕ ਜਾਂਚ ਦੀ ਸੰਭਾਵੀ ਵਰਤੋਂ ਦਾ ਅਧਿਐਨ ਕਰ ਰਹੀ ਹੈ। ਉਨ੍ਹਾਂ ਇਹ ਨਹੀਂ ਦੱਸਿਆ ਕਿ ਪਾਬੰਦੀ ਕਦੋਂ ਲਾਗੂ ਕੀਤੀ